## ਮਿਤੀ 21-12-2022 ਨੂੰ ਦਰਜ ਹੋਏ ਮੁਕੱਦਮੇ

| ਲੜੀ ਨੰ | ਮੁਕੱਦਮਾ ਨੰ: ਮਿਤੀ ਜੁਰਮ ਅਤੇ ਥਾਣਾ | ਮੁਦੱਈ ਮੁਕੱਦਮਾ ਦਾ ਨਾਮ, ਪਤਾ ਅਤੇ ਉਮਰ | ਦੋਸ਼ੀ ਦਾ ਨਾਮ ਅਤੇ ਪਤਾ | ਸੰਖੇਪ ਹਾਲਾਤ |
|---|---|---|---|---|
| 1 | ਮੁਕੱਦਮਾ ਨੰ:244<br>ਮਿਤੀ:21-12-22<br>ਜੁਰਮ:323,341,506, 34,ਆਈ.ਪੀ.ਸੀ<br>ਥਾਣਾ ਫੇਸ-1 | ਰਾਕੇਸ਼ ਕੁਮਾਰ ਉਰਫ ਰਿੰਕੂ ਪੁੱਤਰ ਲੇਟ ਸ਼੍ਰੀ ਉਮ ਪ੍ਰਕਾਸ਼ ਵਾਸੀ ਮਕਾਨ ਨੰ:1003, ਸੰਨੀ ਇੰਨਕਲੇਵ, ਸੈਕ:125, ਖਰੜ<br>ਉਮਰ 45 ਸਾਲ<br>98150-47909 | 1) ਇੰਦਰਪ੍ਰੀਤ ਸਿੰਘ<br>2) ਅਮਰਜੀਤ ਸਿੰਘ<br>3) ਗੁਰਪ੍ਰੀਤ ਸਿੰਘ<br>4) ਸੁਖਪਾਲ ਸਿੰਘ ਵਾਸੀਆਨ ਨਾ-ਮਾਲੂਮ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਗੁਰੂ ਨਾਨਕ ਮਾਰਕੀਟ (ਖੋਖਾ ਮਾਰਕੀਟ) ਫੇਸ-1, ਮੋਹਾਲੀ ਦਾ ਮੌਜੂਦਾ ਪ੍ਰਧਾਨ ਹਾਂ। ਮਿਤੀ 16-12-22 ਨੂੰ ਵਕਤ ਕਰੀਬ 06:30 ਪੀ ਐਮ ਦਾ ਹੋਵੇਗਾ ਤਾਂ ਉੱਥੇ ਉਕਤਾਨ ਦੋਸ਼ੀਆਨ ਨੇ ਰੱਲ ਕੇ ਮੈਨੂੰ ਘੇਰ ਲਿਆ ਤੇ ਉਹ ਮੈਨੂੰ ਬਿਨ੍ਹਾ ਕਿਸੇ ਗੱਲ ਤੋ ਗਾਲ੍ਹਾ ਕੱਢਣ ਲੱਗ ਪਏ। ਜਦੋ ਮੈ ਉਹਨਾਂ ਨੂੰ ਅਜਿਹਾ ਕਰਨ ਤੋ ਰੋਕਿਆ ਤਾਂ ਉਕਤਾਨ ਦੋਸ਼ੀਆਨ ਨੇ ਰੱਲ ਕੇ ਮੇਰੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਜਦੋ ਮੈ ਰੌਲਾ ਪਾਇਆ ਤਾਂ ਉਕਤਾਨ ਦੋਸ਼ੀਆਨ ਜਾਨੋ ਮਾਰਨ ਦੀਆ ਧਮਕੀਆ ਦਿੰਦੇ ਹੋਏ ਮੌਕੇ ਤੋ ਫਰਾਰ ਹੋ ਗਏ। ਹੁਣ ਹਸਪਤਾਲ ਤੋ ਛੁੱਟੀ ਹੋਣ ਤੋ ਬਾਅਦ ਮੈ ਉਕਤਾਨ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 2 | ਮੁਕੱਦਮਾ ਨੰ:183<br>ਮਿਤੀ:21-12-22<br>ਜੁਰਮ:406,420, ਆਈ.ਪੀ.ਸੀ ਤੇ 13 ਦਿ ਪੰਜਾਬ ਟ੍ਰੈਵਲ ਪ੍ਰੋਫੈਸ਼ਨਲਸ ਰੈਗੂਲੇਸ਼ਨ ਐਕਟ-2014<br>ਥਾਣਾ ਫੇਸ-8 | ਬਲਵਿੰਦਰ ਸਿੰਘ ਪੁੱਤਰ ਲੇਟ ਸ਼੍ਰੀ ਲਾਲ ਸਿੰਘ ਵਾਸੀ ਪਿੰਡ ਕੁੰਬੜ੍ਹਾ,ਸੈਕ:68, ਮੋਹਾਲੀ<br>ਉਮਰ 50 ਸਾਲ<br>93161-16455 | ਹਰਜਿੰਦਰ ਸਿੰਘ ਉਰਫ ਹੈਰੀ ਵਾਸੀ ਮਕਾਨ ਨੰ:2479, ਸੈਕ: 71, ਮੋਹਾਲੀ | ਮੁਦੱਈ ਮੁਕੱਦਮਾ ਨੇ ਇਕ ਦਰਖਾਸਤ ਨੰਬਰੀ 557/ਪੀ/ਐਸ ਐਸ ਪੀ/ਐਸ ਏ ਐਸ ਨਗਰ ਮਿਤੀ 30-03-21 ਨੂੰ ਦਿੱਤੀ ਸੀ। ਜਿਸ ਵਿੱਚ ਮੁਦੱਈ ਮੁਕੱਦਮਾ ਨੇ ਦੱਸਿਆ ਕਿ ਉਕਤ ਦੋਸ਼ੀ ਹਰਜਿੰਦਰ ਸਿੰਘ ਉਰਫ ਹੈਰੀ ਨੇ ਮੇਰੇ ਲੜਕੇ ਹਰਦੀਪ ਸਿੰਘ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਸਾਡੇ ਨਾਲ 05 ਲੱਖ ਰੁਪਏ ਦੀ ਠੱਗੀ ਮਾਰੀ ਹੈ। ਜਿਸ ਨੇ ਨਾ ਹੀ ਮੇਰਾ ਲੜਕਾ ਵਿਦਸ਼ ਭੇਜਿਆ ਤੇ ਨਾ ਹੀ ਸਾਡੇ ਪੈਸੇ ਵਾਪਸ ਕੀਤੇ। ਇਸ ਤਰ੍ਹਾ ਉਕਤ ਦੋਸ਼ੀ ਨੇ ਸਾਡੇ ਨਾਲ 05 ਲੱਖ ਰੁਪਏ ਦੀ ਠੱਗੀ ਮਾਰੀ ਹੈ। ਅਸੀ ਉਕਤ ਦੋਸ਼ੀ ਨਾਲ ਪੈਸਿਆ ਦਾ ਲੈਣ ਦੇਣ ਆਪਣੇ ਘਰ ਵਿੱਚ ਹੀ ਕੀਤਾ ਸੀ। ਜਿਸ ਦੀ ਪੜਤਾਲ ਡੀ ਐਸ ਪੀ (ਸਿਟੀ-2) ਸਾਹਿਬ ਵੱਲੋ ਕੀਤੀ ਗਈ। ਫਿਰ ਡੀ ਡੀ ਏ ਲੀਗਲ ਦੀ ਰਾਇ ਹਾਸਲ ਕੀਤੀ ਗਈ। ਬਾਅਦ ਵਿੱਚ ਮਾਨਯੋਗ ਐਸ ਐਸ ਪੀ ਸਾਹਿਬ ਨੇ ਮੁਕੱਦਮਾ ਦਰਜ ਕਰਨ ਦਾ ਹੁਕਮ ਦਿੱਤਾ। |
| 3 | ਮੁਕੱਦਮਾ ਨੰ:184<br>ਮਿਤੀ:21-12-22<br>ਜੁਰਮ:174ਏ,<br>ਆਈ.ਪੀ.ਸੀ<br>ਥਾਣਾ ਫੇਸ-8 | ਸ਼੍ਰੀ ਰਵਤੇਸ਼ ਇੰਦਰਜੀਤ ਸਿੰਘ ਜੇ ਐਮ ਆਈ ਸੀ, ਮੋਹਾਲੀ | ਸਤਨਾਮ ਸਿੰਘ ਪੁੱਤਰ ਲਾਭ ਸਿੰਘ ਵਾਸੀ ਪਿੰਡ ਸਧਾਰਨਪੁਰ, ਜਿਲ੍ਹਾ ਪਟਿਆਲਾ | ਇਹ ਮੁਕੱਦਮਾ ਜੱਜ ਸਾਹਿਬ ਦੇ ਹੁਕਮ ਤੇ ਦਰਜ ਕੀਤਾ ਗਿਆ ਹੈ। ਜਿਸ ਵਿੱਚ ਦੱਸਿਆ ਗਿਆ ਹੈ ਕਿ ਉਕਤ ਦੋਸ਼ੀ ਕੇਸ ਨੰਬਰ ਸੀ ਐਚ ਆਈ/16/2021 ਵਿੱਚ ਪੀ ਓ ਹੈ। ਜੋ ਆਪਣੀ ਪੇਸ਼ੀ ਪਰ ਮਾਨਯੋਗ ਅਦਾਲਤ ਵਿੱਚ ਪੇਸ਼ ਨਹੀ ਹੋਇਆ। ਜਿਸ ਦੇ ਖਿਲਾਫ ਹੁਣ ਮੁਕੱਦਮਾ ਦਰਜ ਕੀਤਾ ਗਿਆ ਹੈ। |
| 4 | ਮੁਕੱਦਮਾ ਨੰ:185<br>ਮਿਤੀ:21-12-22<br>ਜੁਰਮ:174ਏ,<br>ਆਈ.ਪੀ.ਸੀ<br>ਥਾਣਾ ਫੇਸ-8 | ਸ਼੍ਰੀ ਰਵਤੇਸ਼ ਇੰਦਰਜੀਤ ਸਿੰਘ ਜੇ ਐਮ ਆਈ ਸੀ, ਮੋਹਾਲੀ | ਬਲਜਿੰਦਰ ਸਿੰਘ ਉਰਫ ਬਿੰਦੀ ਪੁੱਤਰ ਬੂਟਾ ਸਿੰਘ ਵਾਸੀ ਪਿੰਡ ਬਾਦਸ਼ਾਹਪੁਰ, ਯੁਗੋਕੇ, ਘੱਗਰ, ਜਿਲ੍ਹਾ ਪਟਿਆਲਾ | ਇਹ ਮੁਕੱਦਮਾ ਜੱਜ ਸਾਹਿਬ ਦੇ ਹੁਕਮ ਤੇ ਦਰਜ ਕੀਤਾ ਗਿਆ ਹੈ। ਜਿਸ ਵਿੱਚ ਦੱਸਿਆ ਗਿਆ ਹੈ ਕਿ ਉਕਤ ਦੋਸ਼ੀ ਕੇਸ ਨੰਬਰ ਸੀ ਐਚ ਆਈ/16/2021 ਵਿੱਚ ਪੀ ਓ ਹੈ। ਜੋ ਆਪਣੀ ਪੇਸ਼ੀ ਪਰ ਮਾਨਯੋਗ ਅਦਾਲਤ ਵਿੱਚ ਪੇਸ਼ ਨਹੀ ਹੋਇਆ। ਜਿਸ ਦੇ ਖਿਲਾਫ ਹੁਣ ਮੁਕੱਦਮਾ ਦਰਜ ਕੀਤਾ ਗਿਆ ਹੈ। |

| | | | | |
|---|---|---|---|---|
| 5 | ਮੁਕੱਦਮਾ ਨੰ:536<br>ਮਿਤੀ:21-12-22<br>ਜੁਰਮ:364,<br>ਆਈ.ਪੀ.ਸੀ<br>ਥਾਣਾ ਸੋਹਾਣਾਂ | ਸ਼ਮਸ਼ੇਰ ਸਿੰਘ ਪੁੱਤਰ ਕਰਨੈਲ ਸਿੰਘ ਹਾਲ ਵਾਸੀ ਕਮਰਾ ਨੰ: 118, ਸਰਪੰਚ ਪੀ ਜੀ ਨੇੜੇ ਕਮਲ ਫੁੱਲ ਵਾਲਾ ਖੂਹ, ਸੋਹਾਣਾਂ ਥਾਣਾ ਸੋਹਾਣਾਂ<br>ਉਮਰ 30 ਸਾਲ<br>99154-53282 | 1) ਵਰਿੰਦਰ ਕਟਾਰੀਆ ਉਰਫ ਬਿੰਦਰੀ ਪੁੱਤਰ ਰਾਕੇਸ਼ ਕੁਮਾਰ ਵਾਸੀ ਪਿੰਡ ਟੌਸਾ, ਥਾਣਾ ਕਾਠਗੜ੍ਹ, ਨਵਾਂ ਸ਼ਹਿਰ<br>2) ਲਖਵਿੰਦਰ ਸਿੰਘ ਉਰਫ ਫੌਜੀ ਪੁੱਤਰ ਧਰਮ ਚੰਦ ਵਾਸੀ ਪਿੰਡ ਆਸਰੋ, ਥਾਣਾ ਕਾਠਗੜ੍ਹ, ਨਵਾਂ ਸ਼ਹਿਰ<br>3) 7/8, ਹੋਰ ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਉਕਤ ਪਤੇ ਤੇ ਰਹਿੰਦਾ ਹਾਂ ਤੇ ਡੀਜਲ ਮਕੈਨਿਕ ਦਾ ਕੰਮ ਫੇਸ-01, ਮੋਹਾਲੀ ਵਿਖੇ ਕਰਦਾ ਹਾਂ। ਕੱਲ ਮਿਤੀ 20-12-22 ਨੂੰ ਮੇਰਾ ਛੋਟਾ ਭਰਾ ਹਰੀਸ਼ ਵਾਸੀ ਪਿੰਡ ਟੌਸਾ, ਥਾਣਾ ਕਾਠਗੜ੍ਹ, ਨਵਾਂ ਸ਼ਹਿਰ ਮੇਰੇ ਕੋਲ ਮੋਹਾਲੀ ਵਿਖੇ ਆਇਆ ਸੀ। ਤਾਂ ਰਾਤ ਨੂੰ ਵਕਤ ਕਰੀਬ 10:30 ਪੀ ਐਮ ਦਾ ਹੋਵੇਗਾ ਉਕਤਾਨ ਦੋਸ਼ੀਆਨ ਸਾਡੇ ਕੋਲ ਆਏ ਤੇ ਉਹ ਬਿਨ੍ਹਾ ਕਿਸੇ ਗੱਲ ਤੋ ਸਾਨੂੰ ਗਾਲ੍ਹਾ ਕੱਢਣ ਲੱਗ ਪਏ। ਜਦੋ ਅਸੀ ਉਹਨਾਂ ਨੂੰ ਅਜਿਹਾ ਕਰਨ ਤੋ ਰੋਕਿਆ ਤਾਂ ਉਹਨਾਂ ਨੇ ਰੱਲ ਕੇ ਮੇਰੇ ਭਰਾ ਹਰੀਸ਼ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਜਦੋ ਮੈ ਰੌਲਾ ਪਾਇਆ ਤਾਂ ਉਕਤਾਨ ਦੋਸ਼ੀਆਨ ਮੇਰੇ ਭਰਾ ਨੂੰ ਜਬਰਦਸਤੀ ਚੁੱਕ ਕੇ ਆਪਣੀ ਕਾਰ ਵਿੱਚ ਸੁੱਟ ਕੇ ਅਗਵਾ ਕਰਕੇ ਆਪਣੇ ਨਾਲ ਲੈ ਗਏ। ਜਿਹਨਾਂ ਦੀ ਮੈ ਇਕ ਕਾਰ ਦਾ ਨੰ:ਐਚ ਪੀ-17ਬੀ-9300 ਪੜ੍ਹਿਆ। ਬਾਅਦ ਵਿੱਚ ਮੈ ਉਕਤਾਨ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 6 | ਮੁਕੱਦਮਾ ਨੰ:537<br>ਮਿਤੀ:21-12-22<br>ਜੁਰਮ:279,304ਏ,<br>ਆਈ.ਪੀ.ਸੀ<br>ਥਾਣਾ ਸੋਹਾਣਾਂ | ਰਾਮਪਾਲ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਪਿੰਡ ਮਾਨੂੰਪੁਰ, ਜਿਲ੍ਹਾ ਫਤਿਹਗੜ੍ਹ ਸਾਹਿਬ<br>ਉਮਰ 35 ਸਾਲ | ਨਾ-ਮਾਲੂਮ ਡਰਾਈਵਰ ਤੇ ਗੱਡੀ ਨੰ:ਪੀ ਬੀ-65ਐਕਸ-1466, ਮਾਰਕਾ ਬ੍ਰੀਜਾ ਰੰਗ ਚਿੱਟਾ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਖੇਤੀਬਾੜ੍ਹੀ ਦਾ ਕੰਮ ਕਰਦਾ ਹਾਂ। ਕੱਲ ਮਿਤੀ 20-12-22 ਨੂੰ ਵਕਤ ਕਰੀਬ 09:50 ਪੀ ਐਮ ਦਾ ਹੋਵੇਗਾ ਮੈ ਆਪਣੇ ਮੋਟਰ ਸਾਈਕਲ ਪਰ ਸਵਾਰ ਹੋ ਕੇ ਮੋਹਾਲੀ ਤੋ ਆਪਣੇ ਪਿੰਡ ਨੂੰ ਜਾ ਰਿਹਾ ਸੀ। ਜਦੋ ਮੈ ਕੋਰਟ ਕੰਪਲੈਕਸ ਸੈਕ:76, ਮੋਹਾਲੀ ਕੋਲ ਪੁੱਜਿਆ ਤਾਂ ਮੇਰੇ ਤੋ ਅੱਗੇ ਮੁਹੰਮਦ ਦਿਲਬਰ ਹੁਸੈਨ ਪੁੱਤਰ ਮੁਹੰਮਦ ਹੁਸੈਨ ਹਾਲ ਵਾਸੀ ਮਕਾਨ ਨੰ:105, ਟਾਵਰ ਨੰ:03, ਹੀਰੋ ਹੋਮ ਸੈਕ:88, ਮੋਹਾਲੀ ਆਪਣੀ ਐਕਟਿਵਾ ਨੰ:ਟੀ ਐਸ-03ਈਐਫ-2026 ਪਰ ਸਵਾਰ ਹੋ ਕੇ ਜਾ ਰਿਹਾ ਸੀ। ਤਾਂ ਪਿੱਛੋ ਉਕਤ ਨੰਬਰੀ ਕਾਰ ਆਈ ਜਿਸ ਦੇ ਨਾ-ਮਾਲੂਮ ਡਰਾਈਵਰ ਨੇ ਆਪਣੀ ਕਾਰ ਨੂੰ ਬੜ੍ਹੀ ਤੇਜ ਰਫਤਾਰੀ ਅਤੇ ਲਾਪ੍ਰਵਾਹੀ ਨਾਲ ਲਿਆ ਕੇ ਮੁਹੰਮਦ ਦਿਲਬਰ ਹੁਸੈਨ ਦੀ ਐਕਟਿਵਾ ਪਿੱਛੇ ਮਾਰਿਆ ਤੇ ਮੌਕੇ ਤੋ ਫਰਾਰ ਹੋ ਗਿਆ। ਜਿਸ ਕਾਰਨ ਮੁਹੰਮਦ ਦਿਲਬਰ ਹੁਸੈਨ ਸੜਕ ਤੇ ਡਿੱਗ ਪਿਆ ਤੇ ਉਸ ਦੇ ਕਾਫੀ ਸੱਟਾਂ ਲੱਗੀਆ। ਫਿਰ ਮੌਕੇ ਫਰ ਐਂਬੂਲੈਂਸ ਆ ਗਈ ਜੋ ਮੁਹੰਮਦ ਦਿਲਬਰ ਹੁਸੈਨ ਨੂੰ ਇਲਾਜ ਲਈ ਹਸਪਤਾਲ ਲੈ ਗਈ ਤੇ ਮੈ ਆਪਣੇ ਘਰ ਨੂੰ ਚੱਲਾ ਗਿਆ ਸੀ। ਅੱਜ ਮੈਨੂੰ ਪਤਾ ਲੱਗਾ ਕਿ ਹਸਪਤਾਲ ਵਿੱਚ ਮੁਹੰਮਦ ਦਿਲਬਰ ਹੁਸੈਨ ਦੀ ਦੌਰਾਨੇ ਇਲਾਜ ਮੌਤ ਹੋ ਗਈ। ਜਿਸ ਤੇ ਹੁਣ ਮੈ ਉਕਤ ਨੰਬਰੀ ਗੱਡੀ ਦੇ ਨਾ-ਮਾਲੂਮ ਡਰਾਈਵਰ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 7 | ਮੁਕੱਦਮਾ ਨੰ:138<br>ਮਿਤੀ:21-12-22<br>ਜੁਰਮ:379ਬੀ,<br>ਆਈ.ਪੀ.ਸੀ<br>ਥਾਣਾ ਮੁੱਲਾਂਪੁਰ | ਸ਼ੁਭਮ ਰਾਣਾ ਪੁੱਤਰ ਸ਼੍ਰੀ ਸੁਨੀਲ ਕੁਮਾਰ ਰਾਣਾ ਹਾਲ ਵਾਸੀ ਪਿੰਡ ਰਾਣੀ ਮਾਜਰਾ, ਥਾਣਾ ਮੁੱਲਾਂਪੁਰ<br>ਉਮਰ 19 ਸਾਲ<br>98779-48268 | 1) ਗੁਰਤੇਜ ਸਿੰਘ ਉਰਫ ਲਾਲੀ ਪੁੱਤਰ ਉਂਕਾਰ ਸਿੰਘ ਵਾਸੀ ਪਿੰਡ ਤੱਕੀਪੁਰ, ਥਾਣਾ ਮੁੱਲਾਂਪੁਰ<br>2) ਅਮਨਪ੍ਰੀਤ ਸਿੰਘ ਉਰਫ ਅਮਨ ਪੁੱਤਰ ਨਰਿੰਦਰ ਸਿੰਘ ਹਾਲ ਵਾਸੀ ਪਿੰਡ ਕੰਨਸਾਲਾ, ਥਾਣਾ ਮੁੱਲਾਂਪੁਰ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਚਾਚਾ ਭਤੀਜਾ ਦੇ ਨਾਮ ਤੇ ਉਮੈਕਸ ਮਾਰਕੀਟ ਵਿੱਚ ਢਾਬੇ ਤੇ ਕੰਮ ਕਰਦਾ ਹਾਂ। ਕੱਲ ਮਿਤੀ 20-12-22 ਨੂੰ ਵਕਤ ਕਰੀਬ 08:30 ਪੀ ਐਮ ਪਰ ਮੈ ਢਾਬੇ ਤੋ ਆਪਣੇ ਘਰ ਜਾ ਰਿਹਾ ਸੀ। ਜਦੋ ਮੈ ਪਿੰਡ ਰਾਣੀ ਮਾਜਰਾ ਚੌਂਕ ਕੋਲ ਪੁੱਜਿਆ ਤਾਂ ਉੱਥੇ ਮੈਨੂੰ ਉਕਤਾਨ ਦੋਸ਼ੀਆਨ ਨੇ ਘੇਰ ਲਿਆ ਤੇ ਉਹ ਮੇਰਾ ਮੋਬਾਇਲ ਫੋਨ ਤੇ ਮੇਰੀ ਪੈਂਟ ਦੀ ਜੇਬ ਵਿੱਚ 01 ਹਜਾਰ ਦੇ ਕਰੀਬ ਪੈਸੇ ਲੈ ਕੇ ਮੌਕੇ ਤੋ ਫਰਾਰ ਹੋ ਗਏ। ਬਾਅਦ ਵਿੱਚ ਮੈ ਉਕਤਾਨ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 8 | ਮੁਕੱਦਮਾ ਨੰ:497<br>ਮਿਤੀ:21-12-22<br>ਜੁਰਮ:323,379ਬੀ, 452,ਆਈ.ਪੀ.ਸੀ<br>ਥਾਣਾ ਜੀਰਕਪੁਰ | ਕੋਮਲ ਆਨੰਦ ਪੁੱਤਰੀ ਲੇਟ ਸ਼੍ਰੀ ਆਤਮ ਪ੍ਰਕਾਸ਼ ਆਨੰਦ ਵਾਸੀ ਮਕਾਨ ਨੰ:537, ਸੈਕ:29/ਏ,ਚੰਡੀਗੜ੍ਹ<br>ਉਮਰ 43 ਸਾਲ<br>8591953335 | ਸੰਜੀਵ ਕੁਮਾਰ ਪੁੱਤਰ ਗੁਰਬਚਨ ਸਿੰਘ ਵਾਸੀ ਵਾਰਡ ਨੰ:05, ਦਸਮੇਸ਼ ਨਗਰੀ, ਨੇੜੇ ਪਾਣੀ ਵਾਲੀ ਟੈਂਕੀ ਜਲਾਲਾਬਾਦ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੇਰਾ ਦੂਜਾ ਵਿਆਹ ਉਕਤ ਦੋਸ਼ੀ ਸੰਜੀਵ ਕੁਮਾਰ ਨਾਲ ਹੋਇਆ ਸੀ। ਜੋ ਵਿਆਹ ਤੋ ਕੁਝ ਸਮੇ ਬਾਅਦ ਹੀ ਮੇਰੇ ਨਾਲ ਲੜਾਈ ਝਗੜ੍ਹਾ ਕਰਨ ਲੱਗ ਪਿਆ ਤੇ ਮੈ ਉਸ ਤੋ ਅਲੱਗ ਚੰਡੋਗੜ੍ਹ ਵਿਖੇ ਆ ਕੇ ਰਹਿਣ ਲੱਗ ਪਈ ਸੀ। ਮਿਤੀ 16-12-22 ਨੂੰ ਮੈ ਆਪਣੇ ਪਹਿਲੇ ਵਿਆਹ ਦੇ ਲੜਕੇ ਅਨਮੋਲ ਨੂੰ ਮਿਲਣ ਲਈ ਉਸ ਦੇ ਫਲੈਟ ਨੰ:125ਬੀ, ਗਰਾਊਂਡ ਫਲੌਰ, ਵੀ ਆਈ ਪੀ ਰੋਡ, ਕਲੱਬ ਕਲਾਸ ਹੋਮਸ, ਜੀਰਕਪੁਰ ਵਿਖੇ ਗਈ ਸੀ। ਤਾਂ ਉਕਤ ਦੋਸ਼ੀ ਉੱਥੇ ਮੇਰੇ ਪਿੱਛੇ ਪਿੱਛੇ ਆ ਗਿਆ। ਜੋ ਜਬਰਦਸਤੀ ਫਲੈਟ ਦੀ ਕੁੰਡੇ ਤੋੜ ਕੇ ਫਲੈਟ ਅੰਦਰ ਬੜ੍ਹ ਗਿਆ ਤੇ ਮੇਰੀ ਕੁੱਟਮਾਰ ਕਰਨ ਲੱਗ ਪਿਆ। ਜਦੋ ਮੈ ਰੌਲਾ ਪਾਇਆ ਤਾਂ ਉਹ ਮੇਰਾ ਮੋਬਾਇਲ ਫੋਨ ਤੇ ਮੇਰੇ ਗਲੇ ਵਿੱਚ ਪਾਈ ਹੋਈ ਸੋਨੇ ਦੀ ਚੈਨ ਖੋਹ ਕੇ ਭੱਜ ਗਿਆ। ਬਾਅਦ ਵਿੱਚ ਮੈ ਉਕਤ ਦੋਸ਼ੀ ਖਿਲਾਫ ਮੁਕੱਦਮਾ ਦਰਜ ਕਰਵਾਇਆ। |

| | | | | |
|---|---|---|---|---|
| 9 | ਮੁਕੱਦਮਾ ਨੰ:82<br>ਮਿਤੀ:21-12-22<br>ਜੁਰਮ:21,22-61-85,<br>ਐਨ.ਡੀ.ਪੀ.ਐਸ ਐਕਟ<br>ਥਾਣਾ ਬਲਾਕ ਮਾਜਰੀ | ਇੰਸ:ਯੋਗੇਸ਼ ਕੁਮਾਰ<br>75087-49700 | 1) ਅਵਿਨਾਸ਼ ਸਿੰਘ ਪੁੱਤਰ<br>ਬਹਾਦੁਰ ਸਿੰਘ<br>2) ਕਿਰਨਜੀਤ ਕੌਰ ਪਤਨੀ<br>ਅਵਿਨਾਸ਼ ਸਿੰਘ ਵਾਸੀਆਨ<br>ਪਿੰਡ ਕੁਬਾਹੇੜੀ, ਥਾਣਾ ਬਲਾਕ<br>ਮਾਜਰੀ | ਅੱਜ ਮਨ ਇੰਸ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਪੁੱਲ ਬਰਸਾਤੀ ਨਦੀ ਬਲਾਕ ਮਾਜਰੀ ਵਿਖੇ ਮੌਜੂਦ ਸੀ। ਤਾਂ ਸਾਹਮਣੇ ਤੋ ਇਕ ਕਾਰ ਨੰ:ਪੀ ਬੀ-27ਐਚ-0398 ਮਾਰਕਾ ਸੈਂਟਰੋ ਰੰਗ ਚਿੱਟਾ ਆਉਂਦੀ ਦਿਖਾਈ ਦਿੱਤੀ। ਜਿਸ ਵਿੱਚ ਉਕਤਾਨ ਦੋਸ਼ੀਆਨ ਸਵਾਰ ਸਨ। ਜੋ ਪੁਲਿਸ ਪਾਰਟੀ ਨੂੰ ਦੇਖ ਕੇ ਘਬਰਾ ਗਏ ਤੇ ਆਪਣੀ ਕਾਰ ਨੂੰ ਪਿੱਛੇ ਮੌੜਨ ਲੱਗੇ ਜਿਹਨਾਂ ਨੂੰ ਮਨ ਇੰਸ: ਨੇ ਪੁਲਿਸ ਪਾਰਟੀ ਦੀ ਮਦਦ ਨਾਲ ਕਾਬੂ ਕੀਤਾ। ਜਿਹਨਾਂ ਦੀ ਸ਼ੱਕ ਦੀ ਬਿਨਾਹ ਤੇ ਤਲਾਸ਼ੀ ਲਈ ਗਈ। ਜਿਹਨਾਂ ਪਾਸੋ 10, ਗ੍ਰਾਮ ਹੈਰੋਇੰਨ/ਚਿੱਟਾ, 05 ਨਸ਼ੀਲੀ ਦਵਾਈ ਦੀਆ ਸ਼ੀਸ਼ੀਆ (ਟੀਕੇ) ਮਾਰਕਾ ਫੇਨੀਰੇਮਾਈਨ ਤੇ ਬੁਪਰੇਨੋ ਨੋਰਫਾਈਨ ਟੀਕੇ ਵੀ ਬਰਾਮਦ ਹੋਏ। ਜਿਹਨਾਂ ਸਬੰਧੀ ਉਕਤਾਨ ਦੋਸ਼ੀਆਨ ਕੋਈ ਵੀ ਲਾਈਸੈਂਸ ਤੇ ਪਰਮਿਟ ਪੇਸ਼ ਨਹੀ ਕਰ ਸਕੇ। ਜਿਹਨਾਂ ਨੂੰ ਮੌਕੇ ਤੇ ਕਾਬੂ ਕੀਤਾ ਗਿਆ। |
| 10 | ਮੁਕੱਦਮਾ ਨੰ:91<br>ਮਿਤੀ:21-12-22<br>ਜੁਰਮ:22-61-85,<br>ਐਨ.ਡੀ.ਪੀ.ਐਸ ਐਕਟ<br>ਥਾਣਾ ਹੰਡੇਸਰਾਂ | ਸ:ਥ:ਜੀਵਨ ਸਿੰਘ<br>91229-00067 | ਮੁਹੰਮਦ ਫਰੀਦ ਪੁੱਤਰ ਮਹਿਰਾਜੂਦੀਨ ਹਾਲ ਵਾਸੀ ਗਲੀ ਨੰ:26, ਨੇੜੇ ਮਜਨੀ ਚੱਕ ਲੋਕੀ ਪੁਰ ਕਸਬਾ, ਮੇਰਟ, ਯੂ ਪੀ | ਅੱਜ ਮਨ ਸ:ਥ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਬਾ ਹੱਦ ਪਿੰਡ ਨੱਗਲਾ ਵਿਖੇ ਮੌਜੂਦ ਸੀ। ਤਾਂ ਉਕਤ ਦੋਸ਼ੀ ਸਾਹਮਣੇ ਤੋ ਪੈਦਲ ਆਉਂਦਾ ਦਿਖਾਈ ਦਿੱਤਾ। ਜਿਸ ਨੇ ਇਕ ਬੈਗ ਚੁੱਕਿਆ ਹੋਇਆ ਸੀ। ਜੋ ਪੁਲਿਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ ਤੇ ਪਿੱਛੇ ਮੁੜਨ ਲੱਗਾ ਜਿਸ ਨੂੰ ਮਨ ਸ:ਥ: ਨੇ ਪੁਲਿਸ ਪਾਰਟੀ ਦੀ ਮਦਦ ਨਾਲ ਕਾਬੂ ਕੀਤਾ। ਜਿਸ ਦੇ ਬੈਗ ਦੀ ਸ਼ੱਕ ਦੀ ਬਿਨਾਹ ਤੇ ਤਲਾਸ਼ੀ ਲਈ ਗਈ। ਜਿਸ ਵਿੱਚੋ 175 ਨਸ਼ੀਲੇ ਟੀਕੇ ਮਾਰਕਾ ਬੁਪਰੇਨੋ ਨੋਰਫਾਈਨ ਤੇ 198 ਨਸ਼ੀਲੀ ਦਵਾਈ ਦੀਆ ਸ਼ੀਸ਼ੀਆ ਮਾਰਕਾ ਫੇਨੀਰੇਮਾਈਨ ਬਰਾਮਦ ਹੋਈਆ। ਜਿਹਨਾਂ ਸਬੰਧੀ ਉਕਤ ਦੋਸ਼ੀ ਕੋਈ ਵੀ ਲਾਈਸੈਂਸ ਤੇ ਪਰਮਿਟ ਪਸ਼ ਨਹੀ ਕਰ ਸਕਿਆ। ਜਿਸ ਨੂੰ ਮੌਕੇ ਤੇ ਕਾਬੂ ਕੀਤਾ ਗਿਆ। |